ਡਾਇਰੈਕਟਰ ਸਕੂਲ ਸਿੱਖਿਆ (ਸੈਕੰਡਰੀ) ਪੰਜਾਬ ਦੇ 150 ਸਕੂਲਾਂ ਵਿੱਚ ਆਊਟਸੋਰਸਿੰਗ ਪ੍ਰਬੰਧ ਰਾਹੀ ਕੈਪਸ ਮੈਨੇਜਰਜ (**Campus Manager**) ਦੀ ਨਿਯੁਕਤੀ ਨਿਰੋਲ ਆਰਜੀ ਤੌਰ ਤੇ ਕੀਤੀ ਜਾਣੀ ਹੈ। ਕੈਪਸ ਮੈਨੇਜਰਜ (**Campus Manager**) ਦੀ ਤਨਖਾਹ 26283/- ਰੁਪਏ (ਛੱਬੀ ਹਜ਼ਾਰ ਦੋ ਸੋ ਤਰਿਆਸੀ) ਪ੍ਰਤੀ ਮਹੀਨਾ ਹੋਵੇਗੀ ਅਤੇ ਸਮੇਂ ਸਮੇਂ ਤੇ as per Labour commission rate payable to JCOs ਅਨੁਸਾਰ ਹੋਵੇਗੀ। ਇਨ੍ਹਾਂ ਅਸਾਮੀਆਂ ਦੀ ਕੈਟਾਗਰੀ ਵਾਈਜ਼ ਵੰਡ ਹੇਠ ਲਿਖੇ ਅਨੁਸਾਰ ਹੈ**:-**

1.0 **ਪੋਸਟਾ ਦੀ ਗਿਣਤੀ (ਪਹਿਲਾ ਫੇਜ਼)**–

| ਕੈਂਪਸ ਮੈਨੇਜਰ (**Campus Manager**) **-Civilian (Non- ESM)** | |
|---|---|
| **Posts** | **150** |

ਨੱਥੀ ਲਿਸਟ ਅਨੁਸਾਰ

2.0 ਵਿਦਿਅਕ ਯੋਗਤਾਵਾਂ**:-**

ਇਨ੍ਹਾਂ ਅਸਾਮੀਆਂ ਅਨੁਸਾਰ ਤੈਅ ਮੁੱਢਲੀ ਯੋਗਤਾਵਾਂ ਅਨੁਸਾਰ ਭਰੀਆਂ ਜਾਣਗੀਆਂ। ਸਬੰਧਤ ਪ੍ਰਾਰਥੀ ਪਾਸ ਹੇਠ ਲਿਖੀਆਂ ਯੋਗਤਾਵਾਂ ਹੋਣੀਆਂ ਜਰੂਰੀ ਹਨ:-

**(i)** ਕਿਸੇ ਵੀ ਮਾਨਤਾ ਪ੍ਰਾਪਤ ਯੂਨੀਵਰਸਟੀ ਤੋਂ ਗਰੈਜੂਏਸ਼ਨ ਜਾਂ ਇਸ ਦੇ ਬਰਾਬਰ ਦੀ ਯੋਗਤਾ ਹੋਣੀ ਚਾਹੀਦੀ ਹੈ।

**(ii)** ਦਸਵੀ ਪੱਧਰ ਤੱਕ ਪੰਜਾਬੀ ਜਾਂ ਇਸ ਦੇ ਬਰਾਬਰ ਦੀ ਯੋਗਤਾ ਪਾਸ ਕੀਤੀ ਹੋਣੀ ਜਰੂਰੀ ਹੈ।

ਨੋਟ : ਅਪਲਾਈ ਕਰਨ ਦੀ ਆਖਰੀ ਮਿਤੀ ਤੱਕ ਲੋੜੀਂਦੀਆਂ ਯੋਗਤਾਵਾ ਪੂਰੀਆਂ ਕਰਦੇ ਉਮੀਦਵਾਰਾਂ ਨੂੰ ਹੀ ਵਿਚਾਰਿਆ ਜਾਵੇਗਾ।

3.0 **ਤਜਰਬਾ:-**

ਉਮਦੀਵਾਰ ਰਾਜ ਸਰਕਾਰ, ਕੇਦਰ ਸਰਕਾਰ, ਸਥਾਨਕ ਸੰਸਥਾਵਾਂ ਜਾਂ ਇਸ ਦੇ ਬਰਾਬਰ ਦੀਆਂ ਸਰਕਾਰੀ ਸੇਵਾਵਾਂ ਤੋਂ ਘੱਟੋ-ਘੱਟ ਤੀਸਰੇ ਦਰਜੇ (**Category-C**) ਦੀ ਅਸਾਮੀ ਤੋਂ ਰਿਟਾਇਰ ਹੋਇਆ ਹੋਵੇ।

4.0 **ਅਸਾਮੀਆਂ ਦਾ ਪੇਅ ਸਕੇਲ:**

ਤਨਖਾਹ **26283**/- ਰੁਪਏ (ਛੱਬੀ ਹਜ਼ਾਰ ਦੋ ਸੋ ਤਰਿਆਸੀ)) ਪ੍ਰਤੀ ਮਹੀਨਾ ਹੋਵੇਗੀ ਅਤੇ ਸਮੇਂ ਸਮੇਂ ਤੇ as per Labour commission rate payable to JCOs ਅਨੁਸਾਰ ਹੋਵੇਗੀ।

5.0 **ਉਮਰ ਸੀਮਾ**:

ਉਮੀਦਵਾਰ ਦੀ ਉਮਰ 65 ਸਾਲ ਜਾਂ ਉਸ ਤੋ ਘੱਟ ਹੋਈ ਚਾਹੀਦੀ ਹੈ।

6.0 **ਆਮ ਸ਼ਰਤਾ** :–

**(i)** ਸਰਕਾਰੀ ਸਕੂਲਾਂ ਵਿੱਚ ਠੇਕੇ ਦੇ ਆਧਾਰ ਤੇ ਰੱਖੇ ਜਾਣ ਵਾਲੇ ਕੈਂਪਸ ਮੈਨੇਜਰ ਨੂੰ **26283**/- ਰੁਪਏ (ਛੱਬੀ ਹਜ਼ਾਰ ਦੋ ਸੋ ਤਰਿਆਸੀ) ਰੁ. ਪ੍ਰਤੀ ਮਹੀਨਾ ਮਿਹਨਤਾਨਾ ਦਿੱਤਾ ਜਾਵੇਗਾ ਅਤੇ ਸਮੇਂ ਸਮੇਂ ਤੇ as per

Labour commission rate payable to JCOs ਅਨੁਸਾਰ ਹੋਵੇਗੀ। ਇਸ ਤੋਂ ਇਲਾਵਾ ਕੋਈ ਹੋਰ ਭੱਤਾ ਦੇਣ ਯੋਗ ਨਹੀਂ ਹੋਵੇਗਾ।

**(ii)** ਉਮੀਦਵਾਰ **Medical** ਤੌਰ ਤੇ ਫਿੱਟ ਹੋਣਾ ਚਾਹੀਦਾ ਹੈ**,** ਜਿਸ ਲਈ ਘੱਟੋ-ਘੱਟ **MBBS** ਜਾਂ ਇਸ ਦੇ ਬਰਾਬਰ ਦੀ ਮੈਡੀਕਲ ਡਿਗਰੀ ਵਾਲੇ ਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰ ਤੋਂ ਮੈਡੀਕਲ ਸਰਟੀਫਿਕੇਟ ਲੋੜੀਂਦਾ ਹੋਵੇਗਾ।

**(iii)** ਉਮੀਦਵਾਰ ਸੇਵਾਮੁਕਤੀ ਦੇ ਸਮੇਂ ਵਿਜਿਲੈਂਸ ਐਂਗਲ ਤੋਂ ਮੁਕਤ ਹੋਣਾ ਚਾਹੀਦਾ ਹੈ। ਇਸ ਦੇ ਸਬੂਤ ਵਜੋਂ ਪੈਨਸ਼ਨ ਭੁਗਤਾਨ ਆਰਡਰ/ਗ੍ਰੈਚੂਟੀ ਭੁਗਤਾਨ ਅਥਾਰਟੀ ਦੀ ਇੱਕ ਕਾਪੀ ਜਮ੍ਹਾਂ ਕਰਾਉਣੀ ਪਵੇਗੀ। ਇਸ ਤੋਂ ਇਲਾਵਾ ਅਜਿਹੇ ਵਿਅਕਤੀ ਤੋਂ ਅੰਡਰਟੇਕਿੰਗ ਲੈਣੀ ਹੋਵੇਗੀ ਕਿ ਨੌਕਰੀ ਤੇ ਰੱਖਣ ਸਮੇਂ ਉਸ ਦੇ ਵਿਰੁੱਧ ਕੋਈ ਅਪਰਾਧਿਕ ਕੇਸ ਲੰਬਿਤ ਨਹੀਂ ਹੈ।

**(iv)** ਇਨ੍ਹਾਂ ਕੈਂਪਸ ਮੈਨੇਜ਼ਰਾਂ ਦਾ ਪ੍ਰਬੰਧ ਨਿਰੋਲ ਰੂਪ ਵਿੱਚ ਆਰਜ਼ੀ ਹੋਵੇਗਾ।

7.0 <u>ਕੈਂਪਸ ਮੈਨੇਜਰ ਦੀ ਡਿਊਟੀ ਸਬੰਧੀ ਦਿਸ਼ਾ-ਨਿਰਦੇਸ਼:–</u>

I. ਕੈਂਪਸ ਮੈਨੇਜਰ ਸਕੂਲ ਕੰਪਲੈਕਸ ਅਤੇ ਉਸ ਦੇ ਆਲੇ-ਦੁਆਲੇ ਦਾ ਨਿਰੀਖਣ ਕਰੇਗਾ ਅਤੇ ਸਕੂਲ ਸ਼ੁਰੂ ਹੋਣ ਤੋਂ ਅੱਧਾ ਘੰਟਾ ਪਹਿਲਾਂ ਸਕੂਲ ਵਿਚ ਹਾਜ਼ਰ ਹੋਵੇਗਾ ਅਤੇ ਸਕੂਲ ਬੰਦ ਹੋਣ ਤੋਂ ਅੱਧਾ ਘੰਟਾ ਬਾਅਦ ਵਿੱਚ ਸਕੂਲ ਤੋਂ ਜਾਵੇਗਾ।

II. ਕੈਂਪਸ ਮੈਨੇਜ਼ਰ ਦਫ਼ਤਰ ਵੱਲੋਂ ਜਾਰੀ ਕੀਤਾ ਸਨਾਖਤੀ ਕਾਰਡ ਅਤੇ ਸਿਲੈਕਟ ਕੀਤੀ ਵਰਦੀ ਵਿੱਚ ਡਿਊਟੀ ਤੇ ਹਾਜ਼ਰ ਹੋਣਗੇ।

III. ਸਕੂਲ ਕੈਂਪਸ ਅਤੇ ਕਲੱਸਟਰ ਸਕੂਲਾਂ ਵਿੱਚ ਚੱਲ ਰਹੇ ਸਿਵਲ ਵਰਕਸ ਦੇ ਕੰਮਾਂ ਦਾ ਨਿਰੀਖਣ ਕਰੇਗਾ ਅਤੇ ਕੰਮ ਨੂੰ ਸਮੇਂ ਸਿਰ ਮੁਕੰਮਲ ਕਰਨ ਲਈ ਬਣਦਾ ਸਹਿਯੋਗ ਦੇਵੇਗਾ।

IV. ਸਕੂਲ ਵਿੱਚ ਉਪਲੱਬਧ ਹਰ ਤਰ੍ਹਾਂ ਦੇ ਇੰਨਫਰਾਸਟ੍ਰਕਚਰ ਦੀ ਦੇਖ ਰੇਖ**,** ਸਾਂਭ ਸੰਭਾਲ ਦੀ ਜਿੰਮੇਵਾਰੀ**,** ਬਿਜਲੀ ਅਤੇ ਪਾਣੀ ਦਾ ਪੁਖਤਾ ਪ੍ਰਬੰਧ ਦੀ ਨਿਰੋਲ ਜਿੰਮੇਵਾਰੀ ਕੈਂਪਸ ਮੈਨੇਜਰ ਦੀ ਹੋਵੇਗੀ।

V. ਸਕੂਲ ਕੈਂਪਸ ਅਤੇ ਕਲੱਸਟਰ ਸਕੂਲਾਂ ਵਿਚ ਉਪਲੱਬਧ ਖੇਡ ਦੇ ਮੈਦਾਨਾਂ ਦੀ ਦੇਖ-ਰੇਖ ਅਤੇ ਸਾਂਭ-ਸੰਭਾਲ ਦੀ ਜਿੰਮੇਵਾਰੀ ਕੈਂਪਸ ਮੈਨੇਜਰ ਦੀ ਹੋਵੇਗੀ।

VI. ਕੈਂਪਸ ਮੈਨੇਜਰ ਸਕੂਲ ਵਿਚ ਓਪਨ ਏਰੀਏ ਦੀ ਸੁਚਾਰੂ ਵਰਤੋਂ ਅਤੇ ਪੌਦਿਆਂ ਦੀ ਸਾਂਭ-ਸੰਭਾਲ, ਲੈਂਡ ਸਕੇਪਿੰਗ ਆਦਿ ਦੀ ਦੇਖ-ਰੇਖ ਯਕੀਨੀ ਬਣਾਵੇਗਾ।

VII. ਕੈਂਪਸ ਮੈਨੇਜਰ ਸਕੂਲ ਵਿਚ ਉਪਲੱਬਧ ਸਾਰੇ ਸਮਾਨ ਦਾ ਸਟਾਕ ਰਜਿਸਟਰ ਵਿੱਚ ਇੰਦਰਾਜ ਕਰਨਾ ਅਤੇ ਹਰੇਕ **Item** ਤੇ **Identification mark** ਲਗਾਉਣਾ ਯਕੀਨੀ ਬਣਾਵੇਗਾ ਅਤੇ ਹਰ ਮਹੀਨੇ ਸਕੂਲ ਮੁੱਖੀ ਤੋਂ ਤਸਦੀਕ ਕਰਵਾਏਗਾ।

VIII. ਕੈਂਪਸ ਮੈਨੇਜਰ ਸਕੂਲ ਵਿੱਚ ਚੌਕੀਦਾਰ, ਸਫਾਈ ਕਰਮਚਾਰੀ, ਸੁਰੱਖਿਆ ਕਰਮਚਾਰੀ, ਮਿਡ-ਡੇ-ਮੀਲ ਵਰਕਰ ਆਦਿ ਨਾਲ ਤਾਲਮੇਲ ਕਰੇਗਾ ਅਤੇ ਉਨ੍ਹਾਂ ਦੀਆਂ ਸਕੂਲ ਦੇ ਕੰਮਾਂ ਵਿਚ ਆਉਣ ਵਾਲੀਆਂ ਦਰਪੇਸ਼ ਮੁਸ਼ਕਿਲਾਂ ਨੂੰ ਹੱਲ ਕਰੇਗਾ।

IX. ਸਕੂਲ ਮੈਨੇਜ਼ਮੈਂਟ ਕਮੇਟੀਆਂ ਕੈਂਪਸ ਮੈਨੇਜ਼ਰ ਤੋਂ ਸੁਚੱਜੇ ਢੰਗ ਨਾਲ ਕੰਮ ਲੈਣ ਲਈ ਪਾਬੰਦ ਹੋਣਗੀਆਂ ਅਤੇ ਸਕੂਲ ਮੈਨੇਜ਼ਮੈਂਟ ਕਮੇਟੀਆਂ ਵੱਲੋਂ ਇਨ੍ਹਾਂ ਕੈਂਪਸ ਮੈਨੇਜਰ ਦੇ ਕੰਮਾਂ ਦਾ ਸਮੇਂ-ਸਮੇਂ ਤੇ ਰੀਵਿਊ ਕੀਤਾ ਜਾਵੇਗਾ। ਜੇਕਰ ਕਿਸੇ ਕੈਂਪਸ ਮੈਨੇਜਰ ਦਾ ਕੰਮ ਤਸੱਲੀਬਖਸ਼ ਨਾ ਹੋਵੇ ਤਾਂ ਸਕੂਲ ਮੈਨੇਜ਼ਮੈਂਟ ਕਮੇਟੀਆਂ ਬਿਨ੍ਹਾਂ ਕਿਸੇ ਅਗਾਊਂ ਸੂਚਨਾ ਦੇ ਕੈਂਪਸ ਮੈਨੇਜਰ ਦੀਆਂ ਸੇਵਾਵਾਂ ਖਤਮ ਕਰਨ ਲਈ ਜ਼ਿਲ੍ਹਾ ਸਿੱਖਿਆ ਦਫਤਰ (ਸੈ.ਸਿ) ਨੂੰ ਸੂਚਿਤ ਕਰਨ ਲਈ ਅਧਿਕਾਰਿਤ ਹੋਣਗੀਆਂ।

X. ਕਲੱਸਟਰ ਅਧੀਨ ਆਉਂਦੇ ਸਕੂਲਾਂ ਵਿੱਚ ਉਕਤ ਸਾਰੇ ਕੰਮ ਕਰਵਾਉਣ ਦੀ ਜਿੰਮੇਵਾਰੀ ਵੀ ਕੈਂਪਸ ਮੈਨੇਜਰ ਦੀ ਹੋਵੇਗੀ।

XI. ਜੇਕਰ ਸਕੂਲ ਵਿੱਚ ਛੁੱਟੀ ਵਾਲੇ ਦਿਨ ਕੋਈ ਵੀ ਸਪੈਸ਼ਲ ਈਵੈਂਟ ਜਾਂ ਕੋਈ ਪੇਪਰ ਹੋਵੇਗਾ ਤਾਂ ਕੈਂਪਸ ਮੈਨੇਜਰ ਉਸ ਦਿਨ ਸਕੂਲ ਵਿੱਚ ਹਾਜਰ ਰਹੇਗਾ।

XII. ਸਕੂਲ ਮੁੱਖੀ ਕੈਂਪਸ ਮੈਨੇਜਰ ਨੂੰ ਸਕੂਲ ਸਬੰਧੀ ਲੋੜ ਮੁਤਾਬਿਕ ਕੋਈ ਵੀ ਡਿਊਟੀ ਦੇਣ ਲਈ ਅਧੀਕਾਰਿਤ ਹੋਵੇਗਾ।

## 8.0 <u>ਆਨ-ਲਾਈਨ ਅਪਲਾਈ ਕਰਨ ਦੀ ਵਿੱਧੀ:-</u>

**Online Process will start from 10.07.2023.**

(ੳ) ਵੈਬਸਾਈਟ <u>www.exservicemencorp.punjab.gov.in</u>

(ਅ) ਇੱਕ ਉਮੀਦਵਾਰ ਵੱਲੋਂ ਕੇਵਲ ਇੱਕ ਹੀ ਰਜਿਸ਼ਟ੍ਰੇਸ਼ਨ ਕੀਤੀ ਜਾਵੇ ਅਤੇ ਉਮੀਦਵਾਰ ਕੇਵਲ ਇੱਕ ਹੀ ਅਸਾਮੀ ਤੇ ਅਪਲਾਈ ਕਰ ਸਕਦਾ ਹੈ।

(ੲ) ਵਿਗਿਆਪਨ ਵਿੱਚ ਦਰਜ ਅਸਾਮੀਆਂ ਸਰਕਾਰ ਵਲੋਂ ਵਧਾਈਆਂ ਜਾਂ ਘਟਾਈਆ ਜਾ ਸਕਦੀਆਂ ਹਨ।

(ਸ) ਆਨ ਲਾਈਨ ਫਾਰਮ ਭਰਨ ਸਮੇਂ ਕਿਸੇ ਵੀ ਗਲਤੀ ਲਈ ਉਮੀਦਵਾਰ ਆਪ ਜਿੰਮੇਵਾਰ ਹੋਵੇਗਾ। ਵਿਭਾਗ ਪੰਜਾਬ ਦੀ ਇਸ ਸਬੰਧੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ।

(ਹ) ਐਪਲੀਕੇਸਨ ਫਾਰਮ ਵਿੱਚ ਇੱਕ ਵਾਰ ਡਾਟਾ ਭਰਨ ਤੋਂ ਬਾਅਦ **Approve** ਕਰਨ ਤੋਂ ਬਾਅਦ ਉਸ ਵਿੱਚ ਕੋਈ ਤਬਦੀਲੀ ਕਰਨ ਦੀ ਆਗਿਆ ਨਹੀਂ ਦਿੱਤੀ ਜਾਵੇਗੀ।

(ਕ) ਉਮੀਦਵਾਰ ਵੱਲੋਂ ਅਸਾਮੀ ਲਈ ਕੇਵਲ ਅਪਲਾਈ ਕਰਨ ਜਾਂ ਉਸ ਨੂੰ ਦਸਤਾਵੇਜਾਂ ਲਈ ਸਕਰੂਟਨੀ ਤੇ ਬੁਲਾਏ ਜਾਣ ਨਾਲ ਹੀ ਕੋਈ ਨਿਯੁਕਤੀ ਦਾ ਅਧਿਕਾਰ ਨਹੀਂ ਹੋਵੇਗਾ।

(ਖ) ਇਸ ਭਰਤੀ ਸਬੰਧੀ ਵਿਭਾਗ ਵੱਲੋਂ ਲਿਆ ਗਿਆ ਫੈਸਲਾ ਅੰਤਿਮ ਅਤੇ ਸਭ ਤੇ ਲਾਗੂ ਹੋਵੇਗਾ। ਵਿਭਾਗ ਵੱਲੋਂ ਦਿੱਤੇ ਗਏ ਵਿਗਿਆਪਨ ਨੂੰ ਕਦੇ ਵੀ ਵਾਪਿਸ/ਰੱਦ ਕੀਤਾ ਜਾ ਸਕਦਾ ਹੈ।

(ਗ) ਉਮੀਦਵਾਰ ਵੱਲੋਂ ਆਪਣਾ ਮੋਬਾਇਲ ਨੰਬਰ, ਈ-ਮੇਲ ਪਤਾ, ਆਪਣਾ ਬੈਂਕ ਖਾਤਾ ਨੰਬਰ, ਬੈਂਕ ਦਾ **IFSC**, ਬ੍ਰਾਂਚ ਦਾ ਨਾਮ ਆਦਿ ਆਨ-ਲਾਈਨ ਅਪਲਾਈ ਕਰਨ ਸਮੇਂ ਫਾਰਮ ਵਿੱਚ ਭਰਿਆ ਜਾਵੇ।

(ਘ) ਉਮੀਦਵਾਰ ਨੂੰ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਭਰਤੀ ਸਬੰਧੀ/ਬਾਨ੍ਹਾਂ ਚੰਗੀ ਤਰ੍ਹਾਂ ਨਾਲ ਪੜ੍ਹਨ ਉਪਰੰਤ ਆਪ ਖੁੱਦ ਅਪਲਾਈ ਕਰੇ ਅਤੇ ਉਨ੍ਹਾਂ ਨੂੰ ਇਹ ਵੀ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇਸ ਭਰਤੀ ਸਬੰਧੀ **Latest Updates** ਦੀ ਜਾਣਕਾਰੀ ਲਈ ਵਿਭਾਗ ਦੀ ਵੈਬਸਾਈਟ

**www.exservicemencorp.punjab.gov.in** ਤੇ ਸਮੇਂ-**2** ਚੈੱਕ ਕਰਦੇ ਰਹਿਣ। ਉਮੀਦਵਾਰਾਂ ਨੂੰ ਕਿਸੇ ਕਿਸਮ ਦੀ ਜਾਣਕਾਰੀ ਵਿਭਾਗ ਦੀ ਵੈਸਬਾਈਟ ਤੇ ਉਪਲੱਬਧ ਕਰਵਾਈ ਜਾਇਆ ਕਰੇਗੀ। ਕਿਸੇ ਵੀ ਕਿਸਮ ਦੀ ਕੋਈ ਜਾਣਕਾਰੀ "ਪਬਲਿਕ ਨੋਟਿਸ"/ਹੋਰ ਜਾਣਕਾਰੀ ਅਖਬਾਰਾਂ ਵਿੱਚ ਪ੍ਰਕਾਸ਼ਿਤ ਨਹੀਂ ਕਰਵਾਈ ਜਾਵੇਗੀ।

**(ਙ)** ਕੇਵਲ ਉਹ ਹੀ ਕਰਮਚਾਰੀ ਨਿਯੁਕਤੀ ਲਈ ਯੋਗ ਹੋਣਗੇ, ਜਿਹਨਾਂ ਸਬੰਧੀ ਵਿਭਾਗ ਦੇ ਮੁਖੀ ਦੁਆਰਾ ਇਹ ਤਸਦੀਕ ਕੀਤਾ ਜਾਵੇਗਾ ਕਿ ਉਹਨਾਂ ਵਿਰੁੱਧ ਕੋਈ ਅਨੁਸ਼ਾਸਨੀ ਕਾਰਵਾਈ ਵਿਚਾਰ ਅਧੀਨ ਨਹੀ ਹੈ ਜਾਂ ਉਹ ਪੰਜਾਬ ਸਰਕਾਰ ਸਿਵਲ ਸਰਵਿਸ਼ਿਜ ਸਜਾ ਅਤੇ ਅਪੀਲ ਰੂਲਜ 1970 ਅਧੀਨ ਜਾਂ ਕੋਈ ਵੀ ਹੋਰ ਲਾਗੂ ਰੂਲਜ਼ ਜਿਵੇਂ ਵੀ ਮਾਮਲਾ ਹੋਵੇ, ਸਜਾ ਨਹੀਂ ਕੱਟ ਰਹੇ ਜਾਂ ਕਿਸੇ ਵੀ ਟਰਾਇਲ ਮੁਕੱਦਮੇ ਅਧੀਨ ਨਹੀਂ ਹਨ ਜਾਂ ਉਹਨਾਂ ਦੀ ਇੰਟੇਗਰਿਟੀ ਅਤੇ ਪ੍ਰੋਫੈਸ਼ਨਲ ਦੁਰਵਿਵਹਾਰ ਦੇ ਮੱਦੇਨਜ਼ਰ ਕੋਈ ਵੀ ਹੋਰ ਠੋਸ ਅਯੋਗਤਾ ਨਹੀਂ ਹੈ।

<u>ਜਰੂਰੀ ਨੋਟ:-</u>

ਉਮੀਦਵਾਰ ਦੀ ਵਿਦਿਅਕ/ਪ੍ਰੋਫੈਸ਼ਨਲ ਯੋਗਤਾਵਾਂ ਅਪਲਾਈ ਕਰਨ ਦੀ ਆਖਰੀ ਮਿਤੀ ਦੇ ਜਾਂ ਪਹਿਲਾਂ ਦੇ ਬਣੇ ਹੋਣ। ਉਸ ਤੋਂ ਬਾਅਦ ਕਿਸੇ ਵੀ ਉਮੀਦਵਾਰ ਦੀ ਪ੍ਰਤੀ ਬੇਨਤੀ ਪ੍ਰਵਾਨ ਨਹੀਂ ਕੀਤੀ ਜਾਵੇਗੀ। ਉਮੀਦਵਾਰਾਂ ਨੂੰ ਸਕਰੂਟਨੀ ਦੌਰਾਨ ਲੋੜੀਦੇ ਸਰਟੀਫਿਕੇਟ/ਦਸਤਾਵੇਜ ਅਗਾਊਂ ਬਣਾ ਕੇ ਰੱਖਣ ਦੀ ਸਲਾਹ ਦਿੱਤੀ ਜਾਂਦੀ ਹੈ ਤਾਂ ਜੋ ਸਕਰੂਟਨੀ ਦੌਰਾਨ ਅਜਿਹੇ ਸਰਟੀਫਿਕੇਟ/ਦਸਤਾਵੇਜ ਚੈੱਕ ਕਰਵਾ ਸਕਣ। ਸਕਰੂਟਨੀ ਪ੍ਰਕਿਰਿਆ ਤੋਂ ਬਾਅਦ ਸਰਟੀਫਿਕੇਟ ਬਣਾਉਣ ਲਈ ਕੋਈ ਵਾਧੂ ਸਮਾਂ/ਮੌਕਾ ਨਹੀਂ ਦਿੱਤਾ ਜਾਵੇਗਾ।

<u>ਜਰੂਰੀ ਤਰੀਕਾਂ:</u>

ਉਮੀਦਵਾਰ ਵੱਲੋਂ ਆਨਲਾਈਨ ਅਪਲਾਈ ਕਰਨ ਦੀ ਆਖਰੀ ਮਿਤੀ 20.07.2023 **(ਸਾਮ 5.00 ਵਜੇ ਤੱਕ)** ਹੋਵੇਗੀ।